## ਗੁਰੂ ਨਾਨਕ - ਸਬਦ ੨੩
## ਤੀਰਥੁ ਤਪੁ ਦਇਆ ਦਤੁ ਦਾਨੁ ॥
## ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੪

ਤੀਰਥੁ ਤਪੁ ਦਇਆ ਦਤੁ ਦਾਨੁ ॥
ਜੇ ਕੋ ਪਾਵੈ ਤਿਲ ਕਾ ਮਾਨੁ ॥
ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਗਤਿ ਤੀਰਥਿ ਮਲਿ ਨਾਉ ॥
ਸਭਿ ਗੁਣ ਤੇਰੇ ਮੈ ਨਾਹੀ ਕੋਇ ॥
ਵਿਣੁ ਗੁਣ ਕੀਤੇ ਭਗਤਿ ਨ ਹੋਇ ॥
ਸੁਅਸਤਿ ਆਥਿ ਬਾਣੀ ਬਰਮਾਉ ॥
ਸਤਿ ਸੁਹਾਣੁ ਸਦਾ ਮਨਿ ਚਾਉ ॥
ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥
ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥
ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥
ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥
ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥

**ਸਾਰ:** ਏਕਮ ਦੀ ਸੰਪੂਰਨ ਸਮਝ ਪ੍ਰਾਪਤ ਕਰਨ ਲਈ, ਜਗਿਆਸੂ ਨੂੰ ਸੁਚੇਤ ਹੋ ਕੇ ਸੁਣਨ, ਆਤਮ ਪੜਚੋਲ ਅਤੇ ਵਿਵਹਾਰ ਵਿੱਚ ਜੀਉਣ ਲਈ ਯਤਨ ਲੋੜੀਂਦਾ ਹੈ। ਜਦੋਂ ਜਗਿਆਸੂ ਖੁਦ ਨੂੰ ਜਾਣ ਲੈਂਦਾ ਹੈ, ਤਾਂ ਅੰਦਰੂਨੀ ਅਤੇ ਬਾਹਰੀ ਗੁਣਾਂ ਦੀ ਗੰਭੀਰ ਸੂਝ ਦਾ ਉਭਾਰ ਕੁਦਰਤ ਦੇ ਅਨੇਕ ਪਹਿਲੂਆਂ ਨੂੰ ਸਵਿਕਾਰਨ ਲਈ ਹੁੰਦਾ ਹੈ।

ਤੀਰਥੁ ਤਪੁ ਦਇਆ ਦਤੁ ਦਾਨੁ ॥

ਕਰਮ ਕਾਂਡੀ ਅਭਿਆਸ ਜਿਵੇਂ ਕਿ ਤੀਰਥ ਯਾਤਰਾ, ਤਪੱਸਿਆ, ਦਾਨ ਦੇਣਾ, ਅਤੇ ਦਾਨ-ਪੁੰਨ ਧਾਰਮਿਕ ਪਾਲਣਾ ਦੇ ਹਿੱਸੇ ਵਜੋਂ ਨਿਭਾਏ ਜਾਂਦੇ ਹਨ।

ਜੇ ਕੋ ਪਾਵੈ ਤਿਲ ਕਾ ਮਾਨੁ ॥

ਉਹ ਮਨ ਨੂੰ ਇੱਕ ਛਿੰਨ ਭਰ ਦੀ ਸੰਤੁਸ਼ਟੀ ਪ੍ਰਦਾਨ ਕਰਦੇ ਹਨ, ਜਿਨ੍ਹਾਂ ਦੀ ਕੀਮਤ ਇਕ ਤਿਲ ਮਾਤਰ ਵੀ ਨਹੀਂ ਹੈ।

ਸੁਣਿਆ ਮੰਨਿਆ ਮਨਿ ਕੀਤਾ ਭਾਉ ॥

ਮਨ ਦੀ ਆਤਮ ਸਮਰੱਥਾ ਦੁਆਰਾ ਪੂਰਨ ਇਕਾਗਰਤਾ ਨਾਲ ਸੁਣਨ, ਇਸ ਨੂੰ ਜੀਉਣ ਅਤੇ ਆਤਮ ਨਿਰੀਖਣ ਦੀ ਗੰਭੀਰ ਸੂਝ ਪ੍ਰਾਪਤ ਹੁੰਦੀ ਹੈ।

ਅੰਤਰਗਤਿ ਤੀਰਥਿ ਮਲਿ ਨਾਉ ॥

ਇਹ ਆਤਮ ਪੜਚੋਲ ਦੀ ਤੀਰਥ ਯਾਤਰਾ 'ਤੇ ਜਾਣ ਵਾਂਗ ਹੈ, ਜੋ ਮਨ ਨੂੰ ਸ਼ੁੱਧ ਕਰਨ ਵਿੱਚ ਮਦਦ ਕਰਦੀ ਹੈ।

ਸਭਿ ਗੁਣ ਤੇਰੇ ਮੈ ਨਾਹੀ ਕੋਇ ॥

ਸਾਰੇ ਗੁਣ ਅਣਡਿਠ, ਸਰਬ-ਵਿਆਪਕ ਊਰਜਾ ਤੋਂ ਪੈਦਾ ਹੁੰਦੇ ਹਨ ਇਸ ਹਕੀਕਤ ਨੂੰ ਸਮਰਪਣ ਕਰਨ ਨਾਲ ਝੂਠੀ ਪਛਾਣ ਦੀ ਹਉਮੈ ਦੂਰ ਹੋ ਜਾਂਦੀ ਹੈ।

ਵਿਣੁ ਗੁਣ ਕੀਤੇ ਭਗਤਿ ਨ ਹੋਇ ॥

ਅੰਦਰੂਨੀ ਅਤੇ ਬਾਹਰੀ ਗੁਣਾਂ ਦਾ ਚਿੰਤਨ ਕੀਤੇ ਬਿਨਾਂ, ਕੋਈ ਸ਼ਰਧਾਲੂ ਸਾਧਕ ਨਹੀਂ ਬਣ ਸਕਦਾ।

ਸੁਅਸਤਿ ਆਥਿ ਬਾਣੀ ਬਰਮਾਉ ॥

ਚਿੰਤਨ ਉਪਰ ਕੇਂਦਰਿਤ ਹੋ ਰੂਹਾਨੀ ਗਿਆਨ ਦੇ ਖਜ਼ਾਨਿਆਂ ਦਾ ਪਾਲਣ ਕਰੋ।

ਸਤਿ ਸੁਹਾਣੁ ਸਦਾ ਮਨਿ ਚਾਉ ॥

ਸੱਚ ਸਭ ਤੋਂ ਵੱਧ ਗੁਣਵਾਨ ਲੱਛਣ ਹੈ; ਇਹ ਮਨ ਨੂੰ ਹਮੇਸ਼ਾਂ ਅਨੰਦ ਦੀ ਅਵਸਥਾ ਵਿੱਚ ਰੱਖਦਾ ਹੈ।

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥

ਸਮਾਂ, ਪਲ, ਮਿਤੀ ਅਤੇ ਦਿਨ ਅਗਿਆਤ ਹਨ।

ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥

ਉਹ ਰੁੱਤ ਅਤੇ ਮਹੀਨਾ ਅਣਜਾਣ ਹੈ ਜਦੋਂ ਨਿਰਾਕਾਰ ਸਰਬ-ਵਿਆਪਕ ਚੇਤਨਾ ਨੇ ਆਪਣੇ ਆਪ ਨੂੰ ਇੱਕ ਰੂਪ ਵਜੋਂ ਪ੍ਰਗਟ ਕੀਤਾ।

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥

ਵਿਦਵਾਨ ਪੁਜਾਰੀ ਕੁਦਰਤ ਦੇ ਆਰੰਭਤਾ ਦੇ ਪਲ ਨੂੰ ਲੇਖਣ ਯੋਗ ਨਹੀਂ ਹੋਏ ਕਿਉਂਕਿ ਇਸਦਾ ਜ਼ਿਕਰ 'ਪੁਰਾਣ' (ਭਾਰਤੀ ਗ੍ਰੰਥ) ਵਿੱਚ ਦਰਜ਼ ਨਹੀਂ ਹੈ।

ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥

ਧਾਰਮਿਕ ਵਿਦਵਾਨ ਆਰੰਭਤਾ ਦੇ ਪਲ ਨੂੰ ਲੇਖਣ ਯੋਗ ਨਹੀਂ ਹੋਏ ਕਿਉਂਕਿ ਇਹ 'ਕੁਰਾਨ' (ਇਸਲਾਮਿਕ ਗ੍ਰੰਥ) ਵਿੱਚ ਨਹੀਂ ਲਿਖਿਆ ਹੋਇਆ।

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥

ਜਾਗ੍ਰਿਤ ਸੰਨਿਆਸੀ ਵੀ ਆਰੰਭਤਾ ਦੇ ਦਿਨ, ਹਫ਼ਤੇ, ਰੁੱਤ ਜਾਂ ਮਹੀਨੇ ਤੋਂ ਅਣਜਾਣ ਹਨ।

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥

ਸਿਰਜਣਹਾਰ, ਸਰਬ-ਵਿਆਪਕ ਚੇਤਨਾ, ਹੀ ਜਾਣਦੀ ਹੈ ਜਦੋਂ ਇਹ ਸ੍ਰਿਸ਼ਟੀ ਦੇ ਰੂਪ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਦੀ ਹੈ।

ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥

ਕੋਈ ਕਿਵੇਂ ਦਾਅਵਾ, ਵਡਿਆਈ, ਜਾਂ ਬਲਿਹਾਰੇ ਜਾ ਸਕਦਾ ਹੈ ਅਤੇ ਜਾਣੂ ਹੋ ਸਕਦਾ ਹੈ?

ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥

ਨਾਨਕ ਆਖਦੇ ਹਨ ਕਿ ਹਰ ਕੋਈ ਆਪਣੇ ਆਪ ਨੂੰ ਦੂਜਿਆਂ ਨਾਲੋਂ ਵਧੇਰੇ ਜਾਗ੍ਰਿਤ ਐਲਾਨਦਾ ਹੈ।

ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥

ਪਰਮ ਮਹਾਨਤਾ ਚਿੰਤਨ ਵਿੱਚ ਹੈ ਕਿਉਂਕਿ ਸਾਰੀ ਜਾਗਰੂਕਤਾ ਇਸ ਤੋਂ ਉਪਜਦੀ ਹੈ।

ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥

ਨਾਨਕ ਆਖਦੇ ਹਨ ਜੋ ਖੁਦ ਜਾਗ੍ਰਿਤ ਹੋਣ ਦਾ ਐਲਾਨ ਕਰਦੇ ਹਨ ਉਹ ਕਿਸੇ ਵੀ ਤਰ੍ਹਾਂ ਰੂਹਾਨੀ ਉਨਤੀ ਨਹੀਂ ਕਰ ਸਕਦੇ। (੨੧)

**ਤੱਤ:** ਗੁਰੂ ਨਾਨਕ ਅਨੁਸਾਰ, ਚਿੰਤਨ ਰਾਹੀਂ ਸੰਬੰਧ ਸਥਾਪਤ ਕਰਕੇ ਸ਼ੰਕੇ ਦੂਰ ਹੁੰਦੇ ਹਨ, ਗਲਤ ਧਾਰਨਾਵਾਂ ਸਪੱਸ਼ਟ ਹੁੰਦੀਆਂ ਹਨ ਜਟਿਲ ਹਉਮੈ ਖਤਮ ਹੋ ਧਾਰਮਿਕ ਉਨਤੀ ਦੇ ਪੱਧਰੇ ਰਾਹ ਉਪਰ ਚਲਦੀ ਹੈ।

---

ਪਹਿਲਕਦਮੀ

**Oneness In Diversity Research Foundation**

**ਵੈੱਬਸਾਈਟ:** **OnenessInDiversity.com**

**ਈਮੇਲ: onenessindiversityfoundation@gmail.com**